ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਸਥਾਨਕ ਸਰਕਾਰ -1 ਸ਼ਾਖ਼ਾ)

ਨੋਟੀਫ਼ਿਕੇਸ਼ਨ

ਨੰ:6/1/2017-2ਸਸ1/ ਮਿਤੀ:

ਨਗਰ ਨਿਗਮ, ਮੋਗਾ ਵੱਲੋਂ ਆਪਣੇ ਮਤਾ ਨੰਬਰ 40 ਮਿਤੀ 08-01-2016 ਰਾਹੀਂ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 343 (11) ਦੇ ਸ਼ਡਿਊਲ ਦੇ ਭਾਗ ਨੰਬਰ I ਅਤੇ II ਅਤੇ 343(1)(B) ਅਧੀਨ ਦਰਜ ਮਦਾਂ ਦੇ ਲਾਈਸੰਸ ਫ਼ੀਸ ਜਾਰੀ ਕਰਨ ਲਈ ਅਤੇ ਲਾਈਸੰਸਾਂ ਦੀ ਫ਼ੀਸ ਦੀ ਦਰ ਨਿਸ਼ਚਿਤ ਕੀਤੀ ਗਈ ਸੀ। ਇਸ ਸਬੰਧੀ ਨਗਰ ਨਿਗਮ, ਮੋਗਾ ਵੱਲੋਂ ਡਾਇਰੈਕਟਰ, ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਆਪਣੇ ਪੱਤਰ ਨੰਬਰ 100 ਮਿਤੀ 18-01-2016 ਰਾਹੀਂ ਤਿੰਨ ਅਖ਼ਬਾਰਾਂ (ਦੈਨਿਕ ਜਾਗਰਣ (ਹਿੰਦੀ), ਅਜੀਤ (ਪੰਜਾਬੀ) ਅਤੇ ਇੰਗਲਿਸ਼ ਟ੍ਰਿਬਿਊਨ) ਰਾਹੀਂ ਪਬਲਿਕ ਨੋਟਿਸ ਦੇ ਕੇ ਇਤਰਾਜ਼ ਅਤੇ ਸੁਝਾਅ ਮੰਗੇ ਗਏ ਸਨ ਜਿਸ 'ਤੇ ਦੋ ਅਖ਼ਬਾਰਾਂ (ਅਜੀਤ (ਪੰਜਾਬੀ) ਅਤੇ ਦੀ ਟ੍ਰਿਬਿਊਨ) ਮਿਤੀ 26-01-2016 ਰਾਹੀਂ ਪਬਲੀਕੇਸ਼ਨ ਹੋਈ ਸੀ।

2. ਮਿੱਥੇ ਸਮੇਂ ਵਿੱਚ ਕੋਈ ਵੀ ਇਤਰਾਜ਼/ਸੁਝਾਅ ਪ੍ਰਾਪਤ ਨਹੀਂ ਹੋਇਆ ਸੀ ਅਤੇ ਨਿਸ਼ਚਿਤ ਕੀਤੀਆਂ ਮਦਾਂ ਦੇ ਲਾਈਸੰਸ ਜਾਰੀ ਕਰਨ ਅਤੇ ਲਾਈਸੰਸ ਫ਼ੀਸ ਨਿਰਧਾਰਤ ਕਰਨ ਸਬੰਧੀ ਨਗਰ ਨਿਗਮ, ਮੋਗਾ ਵੱਲੋਂ ਆਪਣੇ ਮਤਾ ਨੰਬਰ 112 ਮਿਤੀ 10-08-2016 ਰਾਹੀਂ ਪ੍ਰਵਾਨ ਕਰ ਲਿਆ ਸੀ।

3. ਪੰਜਾਬ ਨਗਰ ਨਿਗਮ ਐਕਟ, 1976 (ਐਕਟ ਨੰਬਰ 42 ਆਫ਼ 1976) ਦੀ ਧਾਰਾ 90 ਦੀ ਉਪ-ਧਾਰਾ 3 ਅਤੇ ਇਸ ਸਬੰਧੀ ਮਿਲੇ ਦੂਜੇ ਹੋਰ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਘੋਸ਼ਣਾ ਕਰਦੇ ਹਨ ਕਿ ਨਗਰ ਨਿਗਮ, ਮੋਗਾ ਵਿਖੇ ਪੰਜਾਬ ਨਗਰ ਨਿਗਮ ਐਕਟ, 1976 ਦੀ ਧਾਰਾ 343 (ਸ਼ਡਿਊਲ II) ਦੇ ਭਾਗ I ਅਤੇ II ਅਤੇ ਧਾਰਾ 343(1)(B) ਅਧੀਨ ਜਾਰੀ ਕੀਤੇ ਜਾਣ ਵਾਲੇ ਲਾਈਸੰਸ ਅਤੇ ਉਹਨਾਂ ਦੀ ਫ਼ੀਸ ਦੀ ਦਰ ਨੋਟੀਫਿਕੇਸ਼ਨ ਜ਼ਾਰੀ ਹੋਣ ਦੀ ਮਿਤੀ ਤੋਂ ਹੇਠਾਂ ਦਿੱਤੀ ਅਨੁਸੂਚੀ ਅਨੁਸਾਰ ਨਿਸਚਿਤ ਕੀਤੀ ਜਾਂਦੀ ਹੈ:-

## *ਸ਼ਡਿਊਲ (ਧਾਰਾ 343)*

### *ਭਾਗ-I*

*ਬਿਨਾਂ ਲਾਈਸੰਸ ਤੋਂ ਕੋਈ ਵੀ ਥਾਂ ਹੇਠ ਲਿਖੇ ਮੰਤਵਾਂ ਲਈ ਨਹੀਂ ਵਰਤੀ ਜਾ ਸਕਦੀ। ਹੇਠ ਲਿਖਿਆ ਕੋਈ ਵੀ ਕੰਮ ਜਾਂ ਕੰਮ ਨਾਲ ਸਬੰਧਤ ਕਾਰੋਬਾਰ ਨਹੀਂ ਕੀਤਾ ਜਾ ਸਕਦਾ।*

| *ਲੜੀ ਨੰ:* | *ਲਾਈਸੰਸ ਬਣਨ ਵਾਲੇ ਪਰਿਸਪਰਾਂ/ਬਿਲਡਿੰਗਾਂ ਦਾ ਵੇਰਵਾ* | *ਸਲਾਨਾ ਲਾਇਸੰਸ ਫ਼ੀਸ (ਰੁਪਏ ਵਿੱਚ)* |
|---|---|---|
| 1 | ਬੈਂਕਿੰਗ | 5,000 |
| 2 | ਸਿਨੇਮਾ ਫੋਟੋਗ੍ਰਾਫ਼ੀ ਅਤੇ ਸ਼ੂਟਿੰਗ | 500 |
| 3 | ਸਿਨੇਮਾ ਫੋਟੋਗ੍ਰਾਫ਼ੀ, ਫ਼ਿਲਮਾਂ ਦਾ ਕੋਈ ਵੀ ਕਾਰੋਬਾਰ ਭਾਵੇਂ ਟ੍ਰੇਨਿੰਗ ਹੀ ਹੋਵੇ | 500 |
| 4 | ਮਿਰਚ ਮਸਾਲੇ ਅਤੇ ਦਾਲਾਂ ਦੀ ਪਿਸਾਈ ਲਈ ਮਸ਼ੀਨ ਚਲਾਉਣਾ | 200 |
| 5 | ਕੱਪੜਾ, ਧਾਗਾ ਜਾਂ ਚਮੜਾ ਆਦਿ ਨੂੰ ਕਿਸੇ ਰੰਗ ਨਾਲ ਰੰਗੇਵਾਂ ਜਾਂ ਛਾਪਾ ਖਾਨਾ | 200 |
| 6 | ਕੱਪੜੇ ਅਤੇ ਧਾਗੇ ਨੂੰ ਧੋਣਾ | 200 |
| 7 | ਕਿਸੇ ਢਾਬੇ ਨੂੰ ਚਲਾਉਣਾ ਜਾਂ ਕੈਟਰਿੰਗ ਦਾ ਕੰਮ ਕਰਨਾ | 300 |
| 8 | ਅਨਾਜ ਜਾਂ ਅਨਾਜ ਨੂੰ ਭੁੰਨਣਾ | 100 |
| 9 | ਮੂੰਗਫਲੀ ਦੇ ਬੀਜ ਜਾਂ ਹੋਰ ਤੇਲ ਵਾਲੇ ਬੀਜ ਅਤੇ ਉਹਨਾਂ ਨੂੰ ਬੀਜਣ ਦਾ ਕੰਮ | 200 |
| 10 | ਨਾਈ ਦੀ ਦੁਕਾਨ ਜਾਂ ਵਾਲਾਂ ਦੇ ਰੱਖ-ਰਖਾਵ ਦਾ ਕੰਮ | 100 |
| 11 | ਸੁੱਕੀਆਂ, ਗਿੱਲੀਆਂ ਖੱਲਾਂ ਨੂੰ ਪ੍ਰੈੱਸ ਕਰਨਾ, ਰੰਗਣਾ ਜਾਂ ਪੈਕਿੰਗ ਕਰਨਾ | 100 |
| 12 | ਕੱਪੜੇ ਧੋਣ ਦੀ ਦੁਕਾਨ (ਡ੍ਰਾਈਕਲੀਨਰਜ਼ ਦੀ ਦੁਕਾਨ) | 200 |
| 13 | ਮਸ਼ੀਨ ਰਾਹੀਂ ਚਮੜੇ ਦੀਆਂ ਵਸਤਾਂ ਬਣਾਉਣਾ | 200 |
| 14 | ਪ੍ਰੈਸ਼ਰ ਨਾਲ ਚੱਲਣ ਵਾਲੀ ਪ੍ਰੈੱਸ ਦਾ ਕੰਮ | 200 |

| ਲੜੀ ਨੰ: | ਲਾਈਸੰਸ ਬਣਨ ਵਾਲੇ ਪਰਿਸਪਰਾਂ/ਬਿਲਡਿੰਗਾਂ ਦਾ ਵੇਰਵਾ | ਸਲਾਨਾ ਲਾਇਸੰਸ ਫ਼ੀਸ (ਰੁਪਏ ਵਿੱਚ) |
|---|---|---|
| 15 | ਸਮਾਨ ਦੇ ਲਦਾਉਣ ਦਾ ਕੰਮ | 200 |
| 16 | ਧਾਤਾਂ ਅਤੇ ਧੁਲਾਈ ਦਾ ਕੰਮ | 500 |
| 17 | ਕੀਮਤੀ ਵਸਤਾਂ ਉੱਤੇ ਕਢਾਈ ਅਤੇ ਉਹਨਾਂ ਦੀ ਸਫ਼ਾਈ ਦਾ ਕੰਮ | 200 |
| 18 | ਪ੍ਰਿੰਟਿੰਗ ਪ੍ਰੈੱਸ ਦਾ ਕੰਮ | 300 |
| 19 | ਹਲਵਾਈ ਦੀ ਅਜਿਹੀ ਦੁਕਾਨ ਜਿਸ ਕੋਲ ਢਾਬੇ ਦਾ ਲਾਈਸੰਸ ਨਾ ਹੋਵੇ (Sweetment shop except in premises already licensed as an eating house) | 200 |
| 20 | ਹੇਠ ਲਿਖੇ ਮੰਤਵਾਂ ਲਈ ਵਪਾਰ ਜਾਂ ਕਾਰੋਬਾਰ ਨਾਲ ਸਬੰਧਤ ਕੰਮ: | |
| | 1. ਆਟੋਕਾਰ ਜਾਂ ਆਟੋ ਰਿਕਸ਼ਾ ਦੀ ਸਰਵਿਸ ਅਤੇ ਰਿਪੇਅਰ | 200 |
| | 2. ਲੁਹਾਰ | 100 |
| | 3. ਤਰਖਾਣ | 100 |
| | 4. ਜ਼ਿੰਕ ਆਦਿ ਚੜ੍ਹਾਉਣ ਦਾ ਕੰਮ | 100 |
| | 5. ਕੱਚ ਦੀ ਰਗੜਾਈ | 200 |
| | 6. ਕੱਚ ਦੀ ਕਟਿੰਗ | 200 |
| | 7. ਕੱਚ ਦੀ ਪਾਲਿਸ਼ | 200 |
| | 8. ਗਹਿਣਿਆਂ ਦਾ ਕੰਮ | 300 |
| | 9. ਪੱਥਰ ਦੀ ਕਟਾਈ, ਰਗੜਾਈ ਅਤੇ ਪਾਲਿਸ਼ ਦਾ ਕੰਮ | 500 |
| | 10. ਧਾਤਾਂ (ਜਿਸ ਵਿੱਚ ਕੀਮਤੀ ਧਾਤਾਂ ਅਤੇ ਆਪ ਵਰਤੋਂ ਦੀਆਂ ਧਾਤਾਂ) ਦੀ ਕਟਿੰਗ, ਲੋਹੇ ਨੂੰ ਕੁੱਟ ਕੇ ਚੋੜਾ ਕਰਨਾ, ਉਸ ਵਿੱਚ ਸੁਰਾਖ ਪਾਉਣਾ, ਪ੍ਰੈੱਸ ਕਰਨਾ, ਢੁਲਾਈ, ਭਰਾਈ ਪਾਲਿਸ਼ ਕਰਨਾ, ਉਹਨਾਂ ਨੂੰ ਹੀਟ ਦੇਣੀ ਅਤੇ ਇਸ ਤੋਂ ਇਲਾਵਾ ਕਿਸੇ ਵੀ ਧਾਤ ਤੋਂ ਕੋਈ ਪੁਰਜ਼ਾ ਬਣਾਉਣਾ | 500 |
| | 11. ਫੋਟੋਗ੍ਰਾਫ਼ੀ ਦਾ ਸਟੂਡੀਓ | 200 |
| | 12. ਰੇਡੀਓ (ਵਾਇਰਲੈੱਸ ਸੈੱਟ) ਵੇਚਣਾ, ਮੁਰੰਮਤ ਕਰਨਾ, ਬਣਾਉਣਾ, ਉਸਦੀ ਸਰਵਿਸ ਕਰਨਾ | 150 |
| | 13. ਚਾਂਦੀ ਦਾ ਸਮਾਨ ਬਣਾਉਣ ਦਾ ਕੰਮ | 200 |
| | 14. ਰੇਸ਼ਮ, ਕਪਾਹ, ਬਣਾਉਟੀ ਰੇਸ਼ਮ, ਬੂਟ, ਪਿੰਜਣਾ ਅਤੇ ਬੁਣਨਾ | 200 |
| | 15. ਕੀਮਤ ਪੱਥਰ (ਸਟੋਨ) ਦੀ ਰਗੜਾਈ, ਕਟਿੰਗ, ਡ੍ਰੈਸਿੰਗ ਅਤੇ ਪਾਲਿਸ਼ | 200 |
| | 16. ਬਿਜਲੀ ਦੀ ਮਸ਼ੀਨ ਰਾਹੀਂ ਲੱਕੜ ਜਾ ਬਾਲਿਆਂ ਦੀ ਕਟਿੰਗ ਕਰਨਾ | 200 |
| | 17. ਟੀਨ ਦਾ ਕੰਮ | 300 |
| | 18. ਧੋਬੀ ਦਾ ਕੰਮ | 100 |
| | 19. ਕਿਸੇ ਧਾਂਤ ਰਾਹੀਂ ਬਿਜਲੀ, ਗੈਸ ਜਾਂ ਕਿਸੇ ਹੋਰ ਤਰੀਕੇ ਨਾਲ ਵੈਲਡਿੰਗ ਕਰਨੀ | 150 |
| 21 | ਹੇਠ ਲਿਖੀਆਂ ਵਸਤਾਂ ਦਾ ਉਤਪਾਦਨ ਕਰਨਾ, ਪੈਕਿੰਗ ਕਰਨਾ, ਸਫਾਈ ਕਰਨਾ, ਬੋਤਲਾਂ ਵਿੱਚ ਬੰਦ ਕਰਨਾ, ਰਗੜਾਈ ਕਰਨ ਆਦਿ ਦਾ ਕੰਮ | |
| | 1) ਸ਼ੁੱਧ ਕੀਤਾ ਪਾਣੀ | 300 |
| | 2)ਬੈਕਲਾਈਟ ਗੁਡਜ਼ | 300 |
| | 3)ਬੀੜੀ, ਸਿਗਰੇਟ, ਨਸਵਾਰ, ਤੰਬਾਕੂ | 500 |
| | 4)ਲੁੱਕ | 500 |
| | 5) ਪਲਾਸਟਿਕ ਪਾਊਡਰ | 100 |
| | 6) ਹੱਡੀਆਂ | 100 |
| | 7) ਹੱਥ ਨਾਲ ਇੱਟਾਂ ਜਾਂ ਟਾਇਲਾਂ ਬਣਾਉਣਾ | 500 |
| | 8) ਮਸ਼ੀਨ ਰਾਹੀਂ ਇੱਟਾਂ ਜਾਂ ਟਾਇਲਾਂ ਬਣਾਉਣਾ | 500 |
| | 9) ਬੁਰਸ਼ | 100 |
| | 10) ਮੋਮਬੱਤੀਆਂ | 100 |
| | 11) ਜਾਨਵਰਾਂ ਦੀਆਂ ਆਂਦਰਾਂ ਨਾਲ ਬਣੇ ਤੰਦ | 200 |
| | 12) ਖਾਣਯੋਗ ਜਾਂ ਵੇਚਣਯੋਗ ਵਸਤਾਂ | 200 |
| | 13) ਸੀਮੇਂਟ, ਕੰਕਰੀਟ ਦੀ ਵਸਤਾਂ ਬਣਾਉਣਾ | 500 |
| | 14) ਚਾਰਕੋਲ | 100 |
| | 15) ਰਸਾਇਣ | 200 |
| | 16) ਸਿਨੇਮੇ ਦੀਆਂ ਫ਼ਿਲਮਾਂ ਦੀਆਂ ਰੀਲਾਂ ਬਣਾਉਣਾ | 200 |
| | 17) ਸਾਬਣ ਅਤੇ ਲਿਲਟਿੰਗ ਪਾਊਡਰ ਦਾ ਸਮਾਨ ਬਣਾਉਣਾ | 300 |

| | ਲਾਈਸੰਸ ਬਣਨ ਵਾਲੇ ਪਰਿਸਪਰਾਂ/ਬਿਲਡਿੰਗਾਂ ਦਾ ਵੇਰਵਾ | ਸਲਾਨਾ ਲਾਈਸੰਸ ਫ਼ੀਸ (ਰੁਪਏ ਵਿੱਚ) |
|---|---|---|
| | 18) ਕਪਾਹ, ਕਪਾਹ ਦਾ ਵਪਾਰ, ਕਪਾਹ ਦੀ ਵੇਸਟੇਜ, ਗੰਦੀ ਕਪਾਹ, ਰੇਸ਼ਮ, ਰੇਸ਼ਮ ਦਾ ਧਾਗਾ, ਖ਼ਰਾਬ ਰੇਸ਼ਮ ਦਾ ਧਾਗਾ, ਬਣਾਉਟੀ ਰੇਸ਼ਮ, ਰੇਸ਼ਮ ਦਾ ਕੂੜਾ, ਬਣਾਉਟੀ ਰੇਸ਼ਮ ਦਾ ਧਾਗਾ, ਉੱਨ, ਉੱਨ ਦਾ ਕਬਾੜ ਅਤੇ ਊਨੀ ਧਾਗਾ | 200 |
| | 19) ਕਾਟਨਸੀਡ (ਬਿਨੌਲਾ) | 150 |
| | 20) ਗੂੰਦ | 100 |
| | 21) ਬਾਰੂਦ | 200 |
| | 22) ਚਰਬੀ | 200 |
| | 23) ਆਤਿਸ਼ਬਾਜ਼ੀ | 500 |
| | 24) ਪਟਸਨ | 150 |
| | 25) ਛਪਾਈ, ਲਿਖਾਈ ਅਤੇ ਮੋਹਰਾਂ ਆਦਿ ਲਾਉਣ ਦੀ ਸਿਆਹੀ | 200 |
| | 26) ਗੈਸ ਜਾਂ ਐਲ.ਪੀ.ਜੀ. ਗੈਸ ਆਦਿ | 500 |
| | 27) ਘਿਓ | 200 |
| | 28) ਸ਼ੀਸ਼ਾ ਜਾਂ ਸ਼ੀਸ਼ੇ ਦੀਆਂ ਵਸਤਾਂ | 200 |
| | 29) ਗਨ ਪਾਊਡਰ | 200 |
| | 30) ਸਣ, ਸਣ ਸੁੱਕਣਾ | 100 |
| | 31) ਬਰਫ਼ | 300 |
| | 32) ਕੀੜੇਮਾਰ ਦਵਾਈਆਂ | 500 |
| | 33) ਚਮੜੇ ਦਾ ਕੱਪੜਾ, ਰੈਕਸੀਨ ਜਾਂ ਵਾਟਰ ਪਰੂਫ਼ ਕੱਪੜਾ | 200 |
| | 34) ਸਫ਼ੈਦੀ ਜਾਂ ਕਲੀ (:ਜਠਕ) | 200 |
| | 35) ਖੁਸ਼ਬੂਦਾਰ ਤੇਲ | 100 |
| | 36) ਮਾਚਸ | 100 |
| | 37) ਗਲੀਚੇ ਜਾਂ ਸਿਰ੍ਹਾਣੇ | 200 |
| | 38) ਗੋਸ਼ਤ | 100 |
| | 39) ਆਇਲ ਕਲਾਥ | 100 |
| | 40) ਪੈਟਰੋਲੀਅਮ ਤੇਲਾਂ ਤੋਂ ਇਲਾਵਾ ਤੇਲ (ਭਾਵੇਂ ਉਹ ਮਸ਼ੀਨ ਰਾਹੀਂ, ਹੱਥ ਰਾਹੀਂ ਜਾਂ ਕੋਹਲੂ ਰਾਹੀਂ ਤਿਆਰ ਕੀਤੇ ਜਾਣ) | 300 |
| | 41) ਦੇਸੀ ਅਤੇ ਅੰਗਰੇਜ਼ੀ ਦਵਾਈਆਂ | 200 |
| | 42) ਰਬੜ ਅਤੇ ਰਬੜ ਤੋਂ ਬਣਿਆ ਸਮਾਨ | 100 |
| | 43) ਪੇਂਟ (ਰੰਗ) | 500 |
| | 44) ਕਾਗਜ਼ ਅਤੇ ਕੱਪੜਾ | 200 |
| | 45) ਔਜ਼ਾਰ | 100 |
| | 46) ਲੂਣ | 100 |
| | 47) ਪਲਾਸਟਿਕ ਦਾ ਸਮਾਂਨ | 200 |
| | 48) ਹੱਥ ਨਾਲ ਬਣੇ ਚੀਨੀ ਦੇ ਬਰਤਨ | 200 |
| | 49) ਮਸ਼ੀਨ ਨਾਲ ਬਣੇ ਚੀਨੀ ਦੇ ਬਰਤਨ | 200 |
| | 50) ਸੈਨੇਟਰੀ ਦਾ ਸਮਾਨ ਜਾਂ ਚੀਨੀ ਮਿੱਟੀ ਦੇ ਬਰਤਨ | 500 |
| | 51) ਸਾਬਣ | 200 |
| | 52) ਚੀਨੀ (ਖੰਡ) | 100 |
| | 53) ਟਾਫ਼ੀਆਂ, ਗੋਲੀਆਂ, ਕਨਫ਼ੈਕਸ਼ਨਰੀ ਦਾ ਸਮਾਨ | 100 |
| | 54) ਚਰਬੀ | 100 |
| | 55) ਤੰਬਾਕੂ | 500 |
| | 56) ਵਾਰਨਿਸ਼ | 200 |
| | 57) ਲੱਕੜੀ ਦਾ ਫ਼ਰਨੀਚਰ, ਬਕਸੇ, ਖੋਖੇ, ਡਰੰਮ ਜਾਂ ਹੋਰ ਸਮਾਨ ਜਿਹੜਾ ਲੱਕੜ ਪਲਾਈ ਜਾਂ ਚੰਦਨ ਦੀ ਲੱਕੜੀ ਤੋਂ ਬਣਿਆ ਹੋਵੇ। | 500 |
| | ਭਾਗ-11 | |
| | 1) ਹਿੰਗ | 100 |
| | 2) ਸੁਆਹ | 100 |
| | 3) ਬਾਂਸ | 100 |
| | 4) ਬੀੜੀ ਦੇ ਪੱਤੇ | 200 |
| | 5) ਬਲਾਸਟਿੰਗ ਪਾਊਡਰ | 200 |
| | 6) ਖ਼ੂਨ | 200 |
| | 7) ਹੱਡੀਆਂ ਅਤੇ ਹੱਡੀਆਂ ਦਾ ਚੂਰਾ | 100 |
| | 8) ਮੁਸ਼ਕ ਕਪੂਰ (ਕੰਗਫੂਰ) | 100 |
| | 9) ਕੈਲਸ਼ੀਅਮ ਕਾਰਬਾਈਡ | 100 |
| | 10) ਕਾਰਡਬੋਰਡ | 200 |

| ਲੜੀ ਨੰ: | ਲਾਈਸੰਸ ਬਣਨ ਵਾਲੇ ਪਰਿਸਪਰਾਂ/ਬਿਲਡਿੰਗਾਂ ਦਾ ਵੇਰਵਾ | ਸਲਾਨਾ ਲਾਇਸੰਸ ਫ਼ੀਸ (ਰੁਪਏ ਵਿੱਚ) |
|---|---|---|
| | 11) ਖਾਣਯੋਗ ਅਤੇ ਵੇਚਣਯੋਗ ਵਸਤਾਂ | 200 |
| | 12) ਲੱਕੜੀ ਦਾ ਕੋਲ਼ਾ | 100 |
| | 13) ਤਰਲ ਕੈਮੀਕਲਜ਼ | 200 |
| | 14) ਸੁੱਕੇ ਕੈਮੀਕਲਜ਼ | 200 |
| | 15) ਮਿਰਚਾਂ | 100 |
| | 16) ਕਲੋਰਾਈਡ ਮਿਕਸਚਰ | 200 |
| | 17) ਸਿਨੇਮਾ ਫੋਟੋਗ੍ਰਾਫ਼ੀ ਫ਼ਿਲਮਾਂ | 500 |
| | 18) ਕੱਪੜਾ ਜੋ ਗੰਢਾਂ ਜਾਂ ਗੱਠੜੀਆਂ ਵਿੱਚ ਬੰਨ੍ਹਿਆ ਹੋਵੇ | 300 |
| | 19) ਸੂਤੀ, ਰੇਸ਼ਮੀ ਜਾਂ ਊਨੀ ਕੱਪੜਾ ਆਦਿ | 300 |
| | 20) ਲੇਜ | 100 |
| | 21) ਨਾਰੀਅਲ ਦਾ ਛਿਲਕਾ | 200 |
| | 22) ਕੋਨ | 100 |
| | 23) ਗੈਸ ਦਾ ਮਿਸ਼ਰਣ ਜਿਵੇਂ ਆਕਸੀਜਨ, ਹਾਈਡਰੋਜਨ, ਨਾਈਟਰੋਜਨ, ਕਾਰਬਨ, ਸਲਫ਼ਰ ਡਾਈਆਕਸਾਈਡ, ਕੈਲਰੋਨ, ਐਕਟੀਲੋਮ ਗੈਸਾਂ ਆਦਿ | 500 |
| | 24) ਕੋਪਰਾ (Copr) | 100 |
| | 25) ਰੂਈ ਸਮੇਤ ਸਰਜੀਕਲ ਰੂਈ ਅਤੇ ਰੇਸ਼ਮੀ ਰੂਈ | 300 |
| | 26) ਗੰਦੀ ਰੂਈ ਦਾ, ਬੇਕਾਰ ਰੂਈ ਦਾ, ਗੰਦਾ ਜਾਂ ਬੇਕਾਰ ਰੂਈ ਦਾ ਧਾਗਾ | 100 |
| | 27) ਤੇਲ ਦੇ ਬੀਜ | 150 |
| | 28) ਬੰਬ ਦੀ ਟੇਪੀ | 200 |
| | 29) ਸੁੱਕੇ ਪੱਤੇ | 100 |
| | 30) ਬਾਰੂਦ | 200 |
| | 31) ਜਲਣ ਵਾਲੇ ਪੇਂਟ ਜਿਵੇਂ ਨਿਟਰੋ | 300 |
| | 32) ਚਰਬੀ | 100 |
| | 33) Felt (ਊਨੀ ਕੱਪੜੇ ਦਾ ਟੁਕੜਾ) | 100 |
| | 34) ਖੰਭ | 100 |
| | 35) ਬਾਲਣ | 200 |
| | 36) ਆਤਿਸ਼ਬਾਜ਼ੀ | 500 |
| | 37) ਮੱਛੀ | 150 |
| | 38) ਪਟਸਨ | 150 |
| | 39) ਧਮਾਕੇ ਨਾਲ ਫਟਣ ਵਾਲਾ | 500 |
| | 40) ਪਾਰੇ ਦਾ ਧਮਾਕਾ | 200 |
| | 41) ਚਾਂਦੀ ਦਾ ਧਮਾਕਾ | 200 |
| | 42) ਗੋਲਾ ਵਿੰਨ੍ਹਣਾ | 200 |
| | 43) ਗੋਲੀ ਗਨੋਦ | 300 |
| | 44) ਘਾਹ (ਗ੍ਰਾਸ) | 100 |
| | 45) ਗਨ-ਕਾਟਨ | 200 |
| | 46) ਗਨ-ਪਾਊਡਰ | 300 |
| | 47) ਜੂਟ ਦੀਆਂ ਬੋਰੀਆਂ | 300 |
| | 48) ਵਾਲ | 100 |
| | 49) ਚਾਰਾ | 100 |
| | 50) ਸਣ-ਸਣ ਸੁਕੜਾ | 100 |
| | 51) ਜੂਟ ਦੀਆਂ ਬੋਰੀਆਂ ਦਾ ਕੱਪੜਾ | 300 |
| | 52) ਸੁੱਕੀ ਖੱਲ | 150 |
| | 53) ਰੱਫ਼ ਖੱਲ | 150 |
| | 54) ਜਾਨਵਰ ਦਾ ਖ਼ੂਨ | 100 |
| | 55) ਸਿੰਗ | 100 |
| | 56) ਧੂਫ਼ | 100 |
| | 57) ਪਟਸਨ | 100 |
| | 58) ਲੱਕੜੀ ਦਾ ਬਣਿਆ ਫ਼ਰਨੀਚਰ, ਖੋਖਾ, ਬਕਸਾ, ਡਰੰਮ ਆਦਿ | 300 |
| | 59) ਲਾਖ-ਦਾਣਾ | 100 |
| | 60) ਚਮੜਾ | 150 |
| | 61) ਬਾਲਣ ਲਈ ਮਾਚਿਸ | 100 |
| | 62) ਮੈਥੇਲੇਟਿਡ ਅਤੇ ਡੀਨੇਚਰਡ ਸਪਿਰਿਟ ਜਾਂ ਫ਼ਰੈਂਚ ਪਾਲਿਸ਼ | 500 |
| | 63) ਤੇਜ਼ਾਬ | 150 |

| ਲੜੀ ਨੰ: | ਲਾਈਸੰਸ ਬਣਨ ਵਾਲੇ ਪਰਿਸਪਰਾਂ/ਬਿਲਡਿੰਗਾਂ ਦਾ ਵੇਰਵਾ | ਸਲਾਨਾ ਲਾਇਸੰਸ ਫ਼ੀਸ (ਰੁਪਏ ਵਿੱਚ) |
|---|---|---|
| | 64) ਤੇਜ਼ਾਬ ਦਾ ਘੋਲ | 150 |
| | 65) ਤੇਜ਼ਾਬੀ ਗ੍ਰੇਸਜੀਨ | 150 |
| | 66) ਤੇਜ਼ਾਬੀ ਮਿਕਸਚਰ | 150 |
| | 67) ਗੋਸ਼ਤ | 150 |
| | 68) ਪੈਟਰੋਲੀਅਮ ਤੋਂ ਇਲਾਵਾ ਤੇਲ | 300 |
| | 69) ਤੇਲ ਦੇ ਬੀਜ ਸਮੇਤ ਬਦਾਮ ਗਿਰੀ ਪਰ ਇਸ ਵਿੱਚ ਬਿਨੌਲਾ ਸ਼ਾਮਲ ਨਹੀਂ ਹੋਵੇਗਾ | 200 |
| | 70) ਪੁਰਾਣਾ ਕਾਗ਼ਜ਼ ਜਾਂ ਰੱਦੀ ਕਾਗ਼ਜ਼ | 100 |
| | 71) ਕਾਗਜ਼ ਦੀ ਕਟਿੰਗ, ਸੁਆਹ ਜਾਂ ਆਰੇ ਦਾ ਬੂਰਾ ਆਦਿ | 150 |
| | 72) ਪੇਂਟ | 500 |
| | 73) ਕਾਗਜ਼ ਜਿਹੜਾ ਰੱਦੀ ਨਾ ਹੋਵੇ ਅਤੇ ਉਹ ਗੱਠਾਂ, ਰਿੰਮਾਂ ਜਾਂ ਲੂਜ ਹੋਵੇ | 300 |
| | 74) ਪੈਟਰੋਲ ਪਰ ਉਹ ਪੈਟਰੋਲ ਜਿਹੜਾ ਕਿ ਪੈਟਰੋਲੀਅਮ ਐਕਟ, 1934 ਵਿੱਚ ਖ਼ਤਰਨਾਕ ਪੈਟਰੋਲ ਨਾ ਡਿਕਲੇਅਰ ਕੀਤਾ ਹੋਵੇ | 500 |
| | 75) ਫ਼ਾਰਫ਼ੋਰਸ | 200 |
| | 76) ਪਲਾਸਟਿਕ ਅਤੇ ਪਲਾਸਟਿਕ ਦਾ ਸਮਾਨ | 300 |
| | 77) ਪਲਾਈਵੁੱਡ | 300 |
| | 78) ਚੀਥੜੇ ਜਿਸ ਵਿੱਚ ਕੱਪੜੇ ਦੇ, ਬੋਰੀਆਂ, ਰੇਸ਼ਮ ਦੇ ਜਾਂ ਉਸ ਕੱਪੜਿਆਂ ਦੇ ਛੋਟੇ-ਛੋਟੇ ਟੁਕੜੇ ਸ਼ਾਮਲ ਹੋਣ | 150 |
| | 79) ਰਾਲ ਜਾਂ ਰਲਹਨ (ਰਬੜ ਦੇ ਦੁੱਧ ਦਾ ਪਾਊਡਰ) | 150 |
| | 80) ਬਚਾਓ ਵਾਲੇ ਫ਼ਿਊਜ਼ ਸੀਰਾਨਲ ਅਸੀ | 100 |
| | 81) ਸ਼ੋਰਾ | 100 |
| | 82) ਚੰਦਨ ਦੀ ਲੱਕੜੀ | 100 |
| | 83) ਰੇਸ਼ਮੀ ਧਾਗਾ ਜਾਂ ਰੇਸ਼ਮ, ਰੇਸ਼ਮ ਜਾਂ ਰੇਸ਼ਮੀ ਧਾਗੇ ਦਾ ਧੂੜਾ | 200 |
| | 84) ਰੇਸ਼ੇਦਾਰ ਧਾਗਾ | 250 |
| | 85) ਚਮੜਾ | 150 |
| | 86) ਪਰਾਲ਼ੀ | 100 |
| | 87) ਸਲਫ਼ਰ | 100 |
| | 88) ਚਰਬੀ | 100 |
| | 89) ਲੁੱਕ, ਸੁੱਕੀ ਜਾਂ ਤਰਲ | 500 |
| | 90) ਤਰਪਾਲਾਂ | 150 |
| | 91) ਥਿਨਰ | 150 |
| | 92) ਲੱਕੜੀ | 200 |
| | 93) ਟਰਪਨਟਾਇਲ | 200 |
| | 94) ਵਾਰਨਿਸ਼ | 200 |
| | 95) ਉੱਨ | 150 |
| | 96) ਧਾਗਾ | 200 |

**ਪੰਜਾਬ ਨਗਰ ਨਿਗਮ ਐਕਟ, 1976 ਦੀ ਧਾਰਾ 343(1)(B) ਅਧੀਨ ਲਾਈਸੰਸ ਫ਼ੀਸ**

| ਲੜੀ ਨੰ: | ਲਾਈਸੰਸ ਬਣਨ ਵਾਲੇ ਪਰਿਸਪਰਾਂ ਦਾ ਵੇਰਵਾ | ਸਲਾਨਾ ਲਾਇਸੰਸ ਫ਼ੀਸ (ਰੁਪਏ ਵਿੱਚ) |
|---|---|---|
| 1 | ਭਾਫ਼ ਇੰਜਨ ਜਾਂ ਤੇਲ ਇੰਜਨ ਨਾਲ ਕੰਮ ਕਰਨ ਵਾਲੇ ਕਾਰਖਾਨੇ:- | |
| | ੳ) 15 ਹਾਰਸ ਪਾਵਰ ਤੱਕ | 300 |
| | ਅ) 15 ਹਾਰਸ ਪਾਵਰ ਤੋਂ ਵੱਧ | 500 |
| 2 | ਬਿਜਲੀ ਦੀਆਂ ਮੋਟਰਾਂ ਨਾਲ ਕੰਮ ਕਰਨ ਵਾਲੇ ਕਾਰਖਾਨੇ ਜਾਂ ਹੋਰ ਪਰਿਸਪਰ:- | —— |
| | 1) 5 ਹਾਰਸ ਪਾਵਰ ਤੱਕ | 100 |
| | 2) 10 ਹਾਰਸ ਪਾਵਰ ਤੱਕ | 200 |
| | 3) 50 ਹਾਰਸ ਪਾਵਰ ਤੱਕ | 500 |
| | 4) 100 ਹਾਰਸ ਪਾਵਰ ਤੱਕ | 1,000 |
| | 5) 200 ਹਾਰਸ ਪਾਵਰ ਤੱਕ | 2,000 |
| | 6) 500 ਹਾਰਸ ਪਾਵਰ ਤੱਕ | 5,000 |
| | 7) 1000 ਹਾਰਸ ਪਾਵਰ ਤੱਕ | 10,000 |
| | 8) 1000 ਹਾਰਸ ਪਾਵਰ ਤੋਂ ਉੱਪਰ | 15,000 |
| 3 | ਅੰਗਰੇਜ਼ੀ ਸ਼ਰਾਬ ਨੂੰ ਸਟੋਰ ਕਰਨਾ ਜਾਂ ਵੇਚਣਾ | 10,000 |
| 4 | ਦੇਸੀ ਸ਼ਰਾਬ ਨੂੰ ਸਟੋਰ ਕਰਨਾ ਜਾਂ ਵੇਚਣਾ | 8,000 |
| 5 | ਟੈਂਟ ਹਾਊਸ | 500 |

| | | |
|---|---|---|
| 6 | ਰਸਾਇਣਕ ਖਾਦ ਸਟੋਰ ਕਰਨਾ ਜਾਂ ਵੇਚਣਾ | 300 |
| 7 | 1) ਮੈਰਿਜ ਪੈਲਸ | 2,000 |
| | 2) ਬੈਂਕਵਿਟ ਹਾਲ | 1,000 |
| | 3) ਮਾਲ, ਬਿੱਗਬਜ਼ਾਰ ਜਾਂ ਮਾਰਟ (ਮਾਲ/ਪੀ.ਵੀ.ਆਰ/ਮਲਟੀਪਲੈਕਸ) | 10,000 |
| 8 | ਨਰਸਿੰਗ ਹੋਮ/ਪ੍ਰਾਈਵੇਟ ਹਸਪਤਾਲ | 5,000 |
| 9 | ਰਿਹਾਇਸ਼ੀ ਹੋਟਲ | — |
| | 1) 10 ਕਮਰੇ | 1000 |
| | 2) 11 ਤੋਂ 20 ਕਮਰੇ | 2,000 |
| | 3) 20 ਕਮਰਿਆਂ ਤੋਂ ਵੱਧ | 4,000 |
| 10 | ਹੋਰ ਕੋਈ ਵਸਤੂ ਦਾ ਉਤਪਾਦਨ ਜਾਂ ਸਟੋਰੇਜ ਹਾਊਸ ਜਿਹੜਾ ਉੱਪਰ ਦਿੱਤੇ ਨਿਸ਼ਚਿਤ ਰੂਪ ਵਿੱਚ ਨਾ ਦੱਸਿਆ ਹੋਵੇ ਜਿਸ ਤੋਂ ਬਦਬੂ, ਸ਼ੋਰ ਅਤੇ ਧੂੰਆਂ ਪੈਦਾ ਹੋਵੇ | 500 |

ਸਤੀਸ਼ ਚੰਦਰਾ,ਆਈ.ਏ.ਐਸ
ਵਧੀਕ ਮੁੱਖ ਸਕੱਤਰ,ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ।

ਮਿਤੀ:ਚੰਡੀਗੜ੍ਹ
11 ਮਈ 2017

**ਪਿੱਠ ਅੰਕਣ ਨੰ:6/1/2017-2ਸਸ1/** ਮਿਤੀ:

ਇਸਦਾ ਇੱਕ ਉਤਾਰਾ ਕੰਟ੍ਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਨੂੰ ਭੇਜਿਆ ਜਾਂਦਾ ਹੈ। ਉਹਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਅਸਾਧਾਰਣ ਗਜ਼ਟ ਵਿੱਚ ਛਾਪ ਕੇ ਉਸ ਦੀਆਂ 50 ਕਾਪੀਆਂ ਇਸ ਵਿਭਾਗ ਨੂੰ ਦਫ਼ਤਰੀ ਰਿਕਾਰਡ ਵਾਸਤੇ ਭੇਜੀਆਂ ਜਾਣ।

ਵਧੀਕ ਸਕੱਤਰ, ਸਥਾਨਕ ਸਰਕਾਰ

**ਪਿੱਠ ਅੰਕਣ ਨੰ:6/1/2017-2ਸਸ1/** 934 ਮਿਤੀ: 15/05/17

ਇਸਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਿਪਟੀ ਕਮਿਸ਼ਨਰ, ਮੋਗਾ।
2. ਡਾਇਰੈਕਟਰ, ਟਾਊਨ ਪਲੈਨਿੰਗ, ਸਥਾਨਕ ਸਰਕਾਰ ਵਿਭਾਗ।
3. ਕਮਿਸ਼ਨਰ, ਨਗਰ ਨਿਗਮ, ਮੋਗਾ।
4. ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ।

ਵਧੀਕ ਸਕੱਤਰ, ਸਥਾਨਕ ਸਰਕਾਰ